# ਇਕ ਖ਼ਤ, ਸਤਨਾਮੀ ਬਾਈ ਦਾ ਆਪਣੇ ਲੋਕਾਂ ਦੇ ਨਾਂ

23.11.96

**ਗੁਰਸ਼ਰਨ ਸਿੰਘ**

ਮੈਂ ਸਤਨਾਮੀ ਬਾਈ, ਦੰਗਾ ਪੀੜਤ ਵਿਧਵਾ, ਜਿਸ ਦੇ ਪਤੀ ਨੂੰ ਹਰਕਿਸ਼ਨ ਲਾਲ ਭਗਤ ਦੀ ਹਾਜ਼ਰੀ ਵਿਚ, ਉਹਦੀ ਸ਼ਹਿ 'ਤੇ ਮਾਰ ਦਿੱਤਾ ਗਿਆ ਸੀ, ਲੋਕਾਂ ਦੀ ਕਚਹਿਰੀ ਵਿਚ ਹਲਫ਼ੀਆ ਬਿਆਨ ਦਿੰਦੀ ਹਾਂ ਕਿ ਮੈਂ ਹਿੰਦੋਸਤਾਨ ਦੀ ਇਕ ਗ਼ਰੀਬ ਔਰਤ, ਵੱਡਿਆਂ ਲੋਕਾਂ ਕੋਲੋਂ ਹਾਰ ਗਈ ਹਾਂ। ਮੈਂ 13 ਨਵੰਬਰ ਨੂੰ ਹਰਕਿਸ਼ਨ ਲਾਲ ਭਗਤ ਨੂੰ ਪਛਾਣਨ ਤੋਂ ਇਨਕਾਰ ਕਰ ਦਿੱਤਾ ਭਾਵੇਂ 3 ਮਹੀਨੇ ਪਹਿਲਾਂ ਮੈਂ ਬੜੇ ਸਪਸ਼ਟ ਤਰੀਕੇ ਨਾਲ ਉਸ ਨੂੰ ਪਛਾਣਨ ਦਾ ਉੱਚੀ ਅਵਾਜ਼ ਵਿਚ ਦਾਅਵਾ ਕੀਤਾ ਸੀ।

ਤੇ ਲੋਕੋ ਮੈਂ ਸੋਚਦੀ-ਸੋਚਦੀ ਹਾਰ ਗਈ ਹਾਂ। ਮੇਰੀਆਂ ਦੰਗਾ-ਪੀੜਤ ਭੈਣਾਂ ਕਹਿੰਦੀਆਂ ਨੇ ਮੈਂ ਵਿੱਕ ਗਈ ਹਾਂ, ਮੈਂ ਆਪਣਾ ਬਿਆਨ ਬਦਲ ਲਿਆ ਹੈ। ਮੈਂ ਇਹ ਇਕਬਾਲ ਕਰਦੀ ਹਾਂ ਕਿ ਮੈਂ ਆਪਣਾ ਬਿਆਨ ਬਦਲ ਲਿਆ ਹੈ, ਪਰ ਮੈਂ ਵਿਕੀ ਨਹੀਂ, ਮੈਂ ਹਾਰ ਗਈ ਹਾਂ, ਜਿਸ ਤਰ੍ਹਾਂ ਕਿ ਇਸ ਦੇਸ਼ ਦਾ ਹਰ ਗ਼ਰੀਬ ਬੰਦਾ ਹਾਰ ਜਾਂਦਾ ਹੈ। ਫ਼ਿਰ ਔਰਤ ਤਾਂ ਹਾਰ ਹੀ ਜਾਂਦੀ ਹੁੰਦੀ ਏ ਨਾ। ਵਿਚਾਰੀ!

ਹਰਕਿਸ਼ਨ ਲਾਲ ਭਗਤ ਨੂੰ ਮੇਰੇ ਬਿਆਨ ਤੋਂ ਬਾਅਦ ਹਿਰਾਸਤ ਵਿਚ ਲੈ ਲਿਆ ਗਿਆ। ਉਹਦੀ ਜ਼ਮਾਨਤ ਵੀ ਰੱਦ ਹੋਈ ਪਰ ਉਹ ਜੇਲ ਦੀ ਥਾਂ ਹਸਪਤਾਲ ਹੀ ਰਿਹਾ, ਜਿੱਥੇ ਡਾਕਟਰਾਂ ਅਤੇ ਨਰਸਾਂ ਦੀ ਦੇਖਭਾਲ ਵਿਚ ਉਹਨੂੰ ਪੂਰਾ ਅਰਾਮ ਮੁਹੱਈਆ ਕੀਤਾ ਗਿਆ। ਉਹਨੇ ਕਚਹਿਰੀ ਵਿਚ ਹੀ ਛਾਤੀ ਵਿਚ ਦਰਦ ਹੋਣ ਦੀ ਸ਼ਿਕਾਇਤ ਕੀਤੀ। ਫਾਜ਼ਲ ਜੱਜ ਨੇ ਵੀ ਉਸ ਨੂੰ ਜੇਲ ਦੀ ਥਾਂ ਹਸਪਤਾਲ ਲਿਜਾਣ ਦੀ ਇਜਾਜ਼ਤ ਦੇ ਦਿੱਤੀ ਸੀ ਭਾਵੇਂ ਨਾਲ ਇਹ ਟਿੱਪਣੀ ਵੀ ਕੀਤੀ ਸੀ ਕਿ ਵੱਡੇ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਦੀ ਛਾਤੀ ਵਿਚ ਕਦੋਂ ਪੀੜ ਹੋਣੀ ਚਾਹੀਦੀ ਹੈ ਤੇ ਕਦੋਂ ਨਹੀਂ ਹੋਣੀ ਚਾਹੀਦੀ। ਮੇਰੇ ਹੌਸਲੇ 'ਤੇ ਪ੍ਰੈੱਸ ਵਾਲਿਆਂ ਨੇ, ਸਿੱਖ ਭਾਈਚਾਰੇ ਨੇ, ਇਨਸਾਫ਼ਪਸੰਦ ਲੋਕਾਂ ਨੇ ਬੜੀ ਦਾਦ ਦਿੱਤੀ। ਮੇਰੇ ਤੱਪਦੇ ਹਿਰਦੇ ਵਿਚ ਵੀ ਠੰਢ ਪਈ। ਮੈਂ 12 ਸਾਲ ਜਿਹੜਾ ਸੰਤਾਪ ਭੋਗਿਆ ਸੀ, ਮੈਂ ਮਹਿਸੂਸ ਕੀਤਾ ਕਿ ਉਸ ਸੰਤਾਪ ਵਿਚ ਭੋਗੀ ਪੀੜ ਨੂੰ ਥੋੜ੍ਹੀ ਰਾਹਤ ਮਿਲੀ ਹੈ।

ਪਰ ਅੱਜ ਮੈਂ ਇਹ ਇਕਬਾਲ ਕਰਦੀ ਹਾਂ ਕਿ ਇਹ ਰਾਹਤ ਪਲ ਦੀ ਪਲ ਸੀ, ਕਿਉਂਕਿ ਮੈਨੂੰ ਜਲਦੀ ਹੀ ਪਤਾ ਲੱਗ ਗਿਆ ਸੀ ਕਿ 1984 ਤੋਂ ਬਾਅਦ 1995 ਵਿਚ ਮੈਂ ਇਕ ਹੋਰ ਭਿਆਨਕ ਅੱਗ ਦੇ ਹਵਾਲੇ ਹੋ ਗਈ ਹਾਂ। ਇਹ ਅੱਗ ਉਸ ਟਾਇਰ ਦੀ ਅੱਗ ਨਾਲੋਂ ਵੀ ਭਿਆਨਕ ਸੀ, ਜੋ ਮੇਰੇ ਪਤੀ ਤੇ ਹੋਰ ਮੇਰੇ ਗੁਆਂਢੀਆਂ ਦੇ ਗਲ਼ਾਂ ਵਿਚ ਪਾਏ ਗਏ ਸਨ। ਇਹ ਅੱਗ ਉਨ੍ਹਾਂ ਗੁੰਡਿਆਂ ਦੀਆਂ ਖਾ ਜਾਣ ਵਾਲੀਆਂ ਨਜ਼ਰਾਂ ਸਨ। ਉਹ ਨਜ਼ਰਾਂ, ਜਿਹੜੀਆਂ ਸਪਸ਼ਟ ਤਰੀਕੇ ਨਾਲ ਧਮਕੀਆਂ ਦੇ ਰਹੀਆਂ ਸਨ ਕਿ "ਸਤਨਾਮੀ ਬਾਈ ਤੂੰ ਜਾਏਗੀ ਕਿੱਥੇ"? ਤੂੰ ਸਾਡੇ ਬੌਸ ਨੂੰ ਪਛਾਣਿਆ ਹੈ, ਅਸੀਂ ਤੈਨੂੰ ਪਛਾਣਦੇ ਹਾਂ। ਇਨ੍ਹਾਂ ਧਮਕੀਆਂ ਦੇ ਨਾਲ-ਨਾਲ ਅਵਾਜ਼ਾਂ ਵੀ ਸਨ, ਬੋਲ ਸਤਨਾਮੀ ਬਾਈ ਤੂੰ ਬਿਆਨ ਬਦਲਣ ਦੀ ਕੀ ਕੀਮਤ ਲਵੇਂਗੀ? ਜੇ ਕਵੇਂ ਤਾਂ ਤੈਨੂੰ ਮਾਲੋ-ਮਾਲ ਵੀ ਕਰ ਸਕਦੇ ਹਾਂ ਤੇ ਜੇ ਕਵੇਂ ਤਾਂ ਤੈਨੂੰ ਤੇਰੇ ਪਤੀ ਕੋਲ ਵੀ ਭੇਜ ਸਕਦੇ ਹਾਂ। ਓਦਰ ਗਈ ਹੋਣੀ ਏ ਤੇ ਉਹ ਵੀ ਉੱਥੇ ਓਦਰ ਗਿਆ ਹੋਣਾ ਏ। ਤੈਨੂੰ ਆਪਣੇ ਕਲਾਵੇ ਵਿਚ ਲੈਣ ਲਈ ਵਿਆਕੁਲ ਹੋਣਾ ਏ। ਬੋਲ, ਬੋਲਦੀ ਕਿਉਂ ਨਹੀਂ? ਕਿਹੜਾ ਰਾਹ ਅਪਣਾਉਣਾ ਈ? ਉਹ ਜਿਹੜੇ ਤੇਰੀ ਬਹਾਦਰੀ ਦੇ ਗੁਣ ਗਾਉਣ ਵਾਲੇ ਨੇ, ਉਹ ਉਸ ਵੇਲੇ ਕਿੱਧਰੇ ਨਹੀਂ ਲੱਭਣਗੇ, ਜਦੋਂ ਤੂੰ ਦਿੱਲੀ ਦੀਆਂ ਭੀੜ ਵਾਲੀਆਂ ਬੱਸਾਂ ਵਿਚ ਇਕੱਲੀ ਸਫ਼ਰ ਕਰ ਰਹੀ ਹੋਵੇਂਗੀ ਤੇ ਅਸੀਂ ਦਸ-ਪੰਦਰਾਂ ਤੇਰੇ ਆਲੇ-ਦੁਆਲੇ ਹੋਵਾਂਗੇ। ਉਂਞ ਵੀ ਬੱਸ ਵਿਚ ਔਰਤਾਂ ਜਾਂ ਕੁੜੀਆਂ ਨੂੰ ਛੇੜਨਾ ਸਾਡੇ ਲਈ ਕੋਈ ਨਵੀਂ ਗੱਲ ਨਹੀਂ। ਅਸੀਂ ਤਾਂ ਕੰਮ ਹੀ ਇਹੋ ਕਰਦੇ ਹਾਂ। ਸਾਡਾ ਬੌਸ, ਜਿਹੜਾ ਇੰਦਰਾ ਗਾਂਧੀ ਦਾ ਚਹੇਤਾ ਮਨਿਸਟਰ ਰਿਹਾ ਹੈ, ਸਾਨੂੰ ਤਨਖ਼ਾਹ ਵੀ ਇਸੇ ਗੱਲ ਦੀ ਦਿੰਦਾ ਹੈ ਤੇ ਉਹ ਤਨਖ਼ਾਹ ਆਪਣੇ ਕੋਲੋਂ ਨਹੀਂ ਦਿੰਦਾ, ਉਹ ਸਰਕਾਰੀ ਤੇ ਗੈਰ-ਸਰਕਾਰੀ ਪੈਸਾ ਲੋਕਾਂ ਦਾ ਹੀ ਹੁੰਦਾ ਹੈ, ਭਾਵੇਂ ਇਹ ਸੁਖਰਾਮ ਵਾਂਗ ਕੋਠੀਆਂ ਵਿਚ ਨਕਦ ਰੂਪ ਵਿਚ ਮੌਜੂਦ ਹੋਵੇ ਤੇ ਭਾਵੇਂ ਬਾਹਰਲੇ ਬੈਂਕਾਂ ਵਿਚ ਹੋਵੇ। ਸਤਨਾਮੀ ਬਾਈ ਸੋਚ ਲੈ. . .

ਤੇ ਲੋਕੋ ਮੈਂ ਸੋਚਦੀ-ਸੋਚਦੀ ਹਾਰ ਗਈ ਹਾਂ। ਮੇਰੀਆਂ ਦੰਗਾ-ਪੀੜਤ ਭੈਣਾਂ ਕਹਿੰਦੀਆਂ ਨੇ ਮੈਂ ਵਿੱਕ ਗਈ ਹਾਂ, ਮੈਂ ਆਪਣਾ ਬਿਆਨ ਬਦਲ ਲਿਆ ਹੈ। ਮੈਂ ਇਹ ਇਕਬਾਲ ਕਰਦੀ ਹਾਂ ਕਿ ਮੈਂ ਆਪਣਾ ਬਿਆਨ ਬਦਲ ਲਿਆ ਹੈ, ਪਰ ਮੈਂ ਵਿਕੀ ਨਹੀਂ, ਮੈਂ ਹਾਰ ਗਈ ਹਾਂ, ਜਿਸ ਤਰ੍ਹਾਂ ਕਿ ਇਸ ਦੇਸ਼ ਦਾ ਹਰ ਗ਼ਰੀਬ ਬੰਦਾ ਹਾਰ ਜਾਂਦਾ ਹੈ। ਫ਼ਿਰ ਔਰਤ ਤਾਂ ਹਾਰ ਹੀ ਜਾਂਦੀ ਹੁੰਦੀ ਏ ਨਾ। ਵਿਚਾਰੀ!

ਕਚਹਿਰੀਆਂ ਇਨਸਾਫ਼ ਦੇਣ ਦੀ ਕੋਸ਼ਿਸ਼ ਕਰਦੀਆਂ ਹਨ, ਦਾਅਵਾ ਵੀ ਕਰਦੀਆਂ ਹਨ ਪਰ ਉਹ ਵੀ ਹਾਰ ਜਾਂਦੀਆਂ ਹਨ। ਜੇ ਹਾਰੀਆਂ ਨਾ ਹੁੰਦੀਆਂ ਤਾਂ ਨਰਸਿਮ੍ਹਾ ਰਾਓ ਜੇਲ੍ਹ ਤੋਂ ਬਾਹਰ ਨਾ ਹੁੰਦਾ। ਸੁਖਰਾਮ ਦੀ ਜ਼ਮਾਨਤ ਨਾ ਹੁੰਦੀ, ਹਰਕਿਸ਼ਨ ਲਾਲ ਭਗਤ ਜੇਲ ਦੀ ਥਾਂ ਹਸਪਤਾਲ ਨਾ ਹੁੰਦਾ। ਹਾਂ, ਮੈਂ ਹਾਰ ਗਈ ਹਾਂ ਤੇ ਇਹਦਾ ਇਕਬਾਲ ਕਰਦਿਆਂ ਤੁਹਾਡੇ ਲੋਕਾਂ ਨੂੰ ਸੰਬੋਧਨ ਹਾਂ ਕਿ ਅਖ਼ਬਾਰਾਂ ਦੀਆਂ ਸੁਰਖ਼ੀਆਂ ਪੜ੍ਹ ਕੇ ਹੀ ਆਪਣੇ ਮਨ ਨੂੰ ਖ਼ੁਸ਼ ਨਾ ਕਰ ਲਿਆ ਕਰੋ ਕਿ ਦੇਸ਼ ਦੀਆਂ ਕਚਹਿਰੀਆਂ ਬੜੀਆਂ ਸਰਗਰਮ ਹੋ ਗਈਆਂ ਹਨ ਕਿ ਹੁਣ ਫਾਜ਼ਲ ਜੱਜ ਤੁਹਾਨੂੰ ਇਨਸਾਫ ਦੇਣਗੇ। ਇਹ ਸਭ ਝੂਠੀਆਂ ਤਸੱਲੀਆਂ ਹਨ, ਇਕ ਪੜਾਅ 'ਤੇ ਆ ਕੇ ਕਚਹਿਰੀਆਂ ਵੀ ਵੱਡੇ ਲੋਕਾਂ ਅੱਗੇ ਹਥਿਆਰ ਸੁੱਟ ਦਿੰਦੀਆਂ ਹਨ, ਤਾਂ ਹੀ ਚੰਦਰਾਸਵਾਮੀ ਵਰਗੇ ਜੇਲ੍ਹਾਂ ਵਿਚ ਅਯਾਸ਼ੀ ਕਰਦੇ ਹਨ। ਮੇਰੇ ਲੋਕੋ! ਆਪਣੇ ਆਪ ਨੂੰ ਸੰਬੋਧਨ ਹੋਵੋ ਤੇ ਪੁੱਛੋ ਕਿ ਤੁਸੀਂ ਕਿਹੋ ਜਿਹੇ ਦੇਸ਼ ਵਿਚ ਜੀ ਰਹੇ ਹੋ? ਕੀ ਤੁਸੀਂ ਪੁਸ਼ਤਾਂ ਦਰ ਪੁਸ਼ਤਾਂ ਇਸ ਤਰ੍ਹਾਂ ਮਾਰ ਖਾਂਦੇ ਰਹੋਗੇ? ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਤਕਦੀਰ ਬਦਲੇ ਤਾਂ ਆਪਣੇ ਦਿਮਾਗ਼ਾਂ ਨੂੰ ਰੌਸ਼ਨ ਕਰੋ। ਆਪਣੇ ਦਿਲਾਂ ਵਿਚ ਇਸ ਨਿਜ਼ਾਮ ਦੇ ਵਿਰੁੱਧ ਗੁੱਸੇ ਤੇ ਨਫ਼ਰਤ ਦੀ ਅੱਗ ਬਾਲੋ। ਸੜਕਾਂ 'ਤੇ ਆਵੋ। ਮੇਰੇ ਲੋਕੋ, ਮੈਂ ਇਕੱਲੀ, ਇਕ ਗ਼ਰੀਬ ਔਰਤ ਹਾਰ ਗਈ ਹਾਂ। ਪਰ ਤੁਸੀਂ ਜਿੱਤ ਸਕਦੇ ਹੋ, ਮੈਂ ਹਾਰ ਗਈ ਹਾਂ, ਪਰ ਤੁਸੀਂ ਨਾ ਹਾਰਨਾ। ਮੇਰੀ ਇਕ ਗ਼ਰੀਬ ਦੀ ਤੁਹਾਨੂੰ ਇਲਤਜ਼ਾ ਹੈ, ਮੈਂ ਤੁਹਾਡੇ ਵਿਚੋਂ ਹੀ ਇਕ ਹਾਂ।

ਤੁਹਾਡੀ ਆਪਣੀ,
ਸਤਨਾਮੀ ਬਾਈ